ੴ ਸਤਿਗੁਰ ਪ੍ਰਸਾਦਿ ॥

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 370

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ

# ਨਿਰਭੈਤਾ ਦਾ ਅਵਤਾਰ

# ਗੁਰੂ ਗੋਬਿੰਦ ਸਿੰਘ ਸਾਹਿਬ

ਇਸ ਟ੍ਰੈਕਟ ਦੀ 500 ਕਾਪੀ ਗੁਰਬਾਣੀ ਪ੍ਰਚਾਰ ਕੇਂਦਰ
ਹੁਸ਼ੀਆਰਪੁਰ ਨੇ ਸੰਗਤਾਂ ਵਿਚ ਵੰਡੀ

ਗੁਰੂ ਨਾਨਕ ਦੇਵ ਮਿਸ਼ਨ
ਡਾਕਘਰ ਸਨੌਰ, ਪਟਿਆਲਾ
ਪੰਜਾਬ (ਇੰਡੀਆ) ਕੀਮਤ = 80 ਪੈਸੇ

# ਧਾਰਮਕ ਇਮਤਿਹਾਨ ਤੇ ਮਿਸ਼ਨ

ਗੁਰੂ ਨਾਨਕ ਦੇਵ ਮਿਸ਼ਨ ਵਲੋਂ ਦੇਸ ਭਰ ਦੇ ਕਾਲਜੀਏਟ ਵਿਦਿਆਰਥੀਆਂ ਦੇ ਧਾਰਮਕ ਇਮਤਿਹਾਨ ਹਰ ਸਾਲ ਨਵੰਬਰ ਦੇ ਮਹੀਨੇ ਲੈ ਜਾਂਦੇ ਹਨ। ਇਮਤਿਹਾਨ ਦੇ ਦੋ ਪਰਚੇ ਗੁਰੂਬਾਣੀ ਬੋਧ ਅਤੇ ਸਿਖਸਿਧਾਂਨ ਬਾਰੇ ਹੁੰਦੇ ਹਨ। ਇਸ ਕਾਰਜ ਲਈ ਸਾਰਾ ਦੇਸ ਅਠ ਜੋਨਾ ਵਿਚ ਵੰਡਿਆ ਗਿਆ ਹੋਇਆ ਹੈ। ਹਰ ਜ਼ੋਨ ਵਿਚ ਛੇ ਕੈਸ਼ ਅਤੇ ਪੰਜ ਪੁਸਤਕ ਇਨਾਮ ਦਿਤੇ ਜਾਂਦੇ ਹਨ। ਹਰ ਪਰਚੇ ਦਾ ਵਖਰਾ ਵਖਰਾ ਇਨਾਮ ਹੈ। ਕੈਸ਼ ਇਨਾਮ ਦੀ ਸ਼ਰਹ ਰੁਪੈ 125, 100 ਅਤੇ 75 ਹੈ। ਇਹ ਸਿਲਸਲਾ 1982 ਤੋਂ ਅਰੰਭ ਕੀਤਾ ਗਿਆ ਸੀ।

ਇਮਤਿਹਾਨ ਦੇ ਸੈਂਟਰ ਦੇਸ ਭਰ ਅੰਦਰ ਹਰ ਉਸ ਥਾਂ ਤੇ ਜਿਥੇ ਘੁੱਟੋ ਘੱਟ 25 ਵਿਦਿਆਰਥੀ ਇਮਤਿਹਾਨ ਵਿਚ ਸ਼ਾਮਲ ਹੋਣ ਕਾਇਮ ਕੀਤਾ ਜਾਂਦਾ ਹੈ। ਇਮਤਿਹਾਨ ਲੈਣ ਦਾ ਪ੍ਰਬੰਧ 'ਗੁਰੂ ਗੋਬਿੰਦ ਸਿੰਘ ਸਟੈਡੀ ਸਰਕਲ ਲੁਦਿਹਾਣਾ' ਵਲੋਂ ਕੀਤਾ ਜਾਂਦਾ ਹੈ।

ਮਿਸ਼ਨ ਜੁਲਾਈ 1989 ਤੋਂ ਆਪਨੀ ਅਵਸਥਾ ਦਾ 26 ਵਾਂ ਸਾਲ ਅਰੰਭ ਕਰ ਚੁਕਾ ਹੈ ਅਤੇ ਦਸੰਬਰ 1989 ਤਕ 370 ਟ੍ਰੈਕਟ ਅਤੇ ਛੇ ਪੁਸਤਕ ਪ੍ਰਕਾਸ਼ਤ ਹੋਏ ਹਨ। ਮਿਸ਼ਨ ਦੇ ਲਾਈਫ ਮੈਂਬਰ ਇਸ ਵੇਲੇ 364 ਹਨ। ਲਾਈਫ ਮੈਂਬਰ ਦਾ ਚੰਦ ਦੇਸ ਅੰਦਰ 150 ਰੁਪੈ ਅਤੇ ਪਰਦੇਸਾਂ ਲਈ 300 ਰੁਪੈ ਹੈ ਹਵਾਈ ਡਾਕ ਲਈ ਇਸ ਦੀ ਸ਼ਰਹ 500 ਰੁਪੈ ਹੈ ਸਾਲਾਨਾ ਚੰਦੇ ਦੀ ਸ਼ਰਹ ਵੀਹ ਰੁਪੈ ਹੈ ਸਾਲ ਭਰ ਅੰਦਰ 20 ਟ੍ਰੈਕਟ ਪ੍ਰਕਾਸ਼ਤ ਹੁੰਦੇ ਹਨ ਜੋ ਛੇ ਲਾਟਸ ਵਿਚ ਭੇਜੇ ਜਾਂਦੇ ਹਨ।

ਸਕੱਤਰ

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਸੰਨ 1666 ਪੋਹ ਦੇ ਮਹੀਨੇ ਸੁਦੀ ਪਖ ਦੀ ਸਤਵੀਂ ਨੂੰ ਪਟਨਾ ਸਹਿਰ ਵਿਖੇ ਪੂਜਯ ਮਾਤਾ ਗੂਜਰੀ ਜੀ ਦੀ ਪਵਿੱਤਰ ਕੁਖ ਤੋਂ ਗੁਰੂ ਤੇਗ ਬਹਾਦਰ ਜੀ ਦੇ ਘਰ ਹੋਇਆ ਸੀ। ਮਾਨਸਕ ਤੇ ਸਰੀਰਕ ਪਖੋਂ ਆਪ ਮਹਾਨ ਵਿਰਸੇ ਦੇ ਮਾਲਕ ਸਨ। ਸਤਿਗੁਰੂ ਨਾਨਕ ਜੋਤਿ ਜਿਸ ਬਾਰੇ 'ਜੋਤਿ ਰੂਪੁ ਹਰਿ ਆਪੁ ਗੁਰੂ ਨਾਨਕ ਕਹਾਇਓ' ਜੈਸਾ ਫਰਮਾਨ ਅੰਕਤ ਹੈ, ਨੇ ਆਪਣੇ ਦਸਵੇਂ ਜਾਮੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਸਰੀਰ ਵਿਚ ਪਰਵੇਸ ਕੀਤਾ ਸੀ। ਇਉਂ ਆਪ ਦਾ ਸਰੀਰਕ ਪਿਛੋਕੜ ਵੀ ਵਡਾ ਮਹਾਨ ਸਿਧ ਹੁੰਦਾ ਹੈ। ਆਪ ਗੁਰੂ ਅਮਰਦਾਸ ਜੀ ਦੀ ਸਪੁਤਰੀ ਅਤੇ ਗੁਰੂ ਰਾਮ ਦਾਸ ਜੀ ਦੀ ਸੁਪਤਨੀ ਬੀਬੀ ਭਾਨੀ ਦੇ ਪਰਵਾਰ ਦੀ ਪੰਜਵੀਂ ਪੁਸਤ ਦੇ ਨੌਨਿਹਾਲ ਸਨ ਇਉਂ ਆਪ ਦੀਆਂ ਰਗਾਂ ਅੰਦਰ ਪੰਜ ਗੁਰੂ ਸਰੀਰਾਂ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਅਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਪਾਵਨ ਖੂਨ ਰੁਮਕਦਾ ਦਿਸਦਾ ਹੈ ਅਜੇਹੀ ਜੀਵਨ ਪਰਨਾਲੀ ਵਾਲਾ ਪਿਛੋਕੜ ਆਪਣੇ ਆਪ ਵਿਚ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਹਾਨਤਾ ਦਾ ਲਖਾਇਕ ਹੈ, ਉਨਾਂ ਦੇ ਇਕ ਸਮਕਾਲੀ ਦਾ ਉਨ੍ਹਾਂ ਬਾਰੇ 'ਵਹ ਪ੍ਰਗਟਿਓ ਮਰਦ ਅੰਗਮੜਾ ਵਰਿਆਮ ਇਕੱਲਾ' ਕਹਿਣਾ ਆਪ ਦੀ ਮਹਾਨ ਵਡਿਆਈ ਦਰਸਾਉਂਦਾ ਹੈ। ਉਨਾਂ ਦੇ ਉਪਕਾਰਾਂ ਦਾ ਵਰਨਣ ਅਤਿ ਥੋੜੇ ਸ਼ਬਦਾਂ ਵਿਚ ਗੁਰੂ ਬਾਣੀ ਦੀ ਇਕੋ ਤੁਕ ਅੰਦਰ ਇਉਂ ਕਥਿਆ ਮਿਲਦਾ ਹੈ :

'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ'

ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ

ਜੋ ਲੋਕ ਜਣੇ ਖਣੇ ਦੇ ਪੈਰਾਂ ਦੀ ਲਿਤਾੜ ਬਣ ਗਏ ਹੋਏ ਸਨ ਥੋੜੇ ਜਹੇ ਸਮੇਂ ਅੰਦਰ ਉਨ੍ਹਾਂ ਨੂੰ ਏਨਾ ਉਚਾ ਚੁਕ ਦਿਤਾ ਗਿਆ ਕਿ ਵਡੇ ਵਡੇ ਫੰਨੇ ਖਾਂ ਉਨਾਂ ਦਾ ਪਾਣੀ ਭਰਣ ਲਗ ਗਏ, ਦੌਲਤ ਰਾਇ ਆਰੀਆਂ ਨਾਮ ਦੇ ਇਕ ਹਿੰਦੂ ਨੇ ਸੰਨ 1901 ਵਿਚ ਉਰਦੂ ਭਾਸ਼ਾ ਵਿਚ ਪ੍ਰਕਾਸਤ ਕੀਤੀ ਗੁਰੂ ਗੋਬਿੰਬ ਸਿੰਘ ਜੀ ਦੀ ਜੀਵਨ ਵਾਰਤਾ ਅੰਦਰ ਲਿਖਿਆ ਸੀ ਕਿ ਜੋ ਲੋਕ ਮਿਟੀ ਵਿਚ ਮਿਲ ਗਏ ਹੋਇ ਸਨ ਅਤੇ ਜਿਨਾਂ ਦੇ ਸੁਪਨੇ ਵਿਚ ਭੀ ਨਹੀਂ ਸੀ ਕਿ ਉਹ ਕਦੀ ਕੋਈ ਸੂਰਮਿਆਂ ਵਾਲੀ ਗੱਲ ਕਰ ਸ਼ਕਨਗੇ ਗੁਰੂ ਜੀ ਦੀ ਸ਼ਰਣ

ਆ ਕੇ ਉਨ੍ਹਾਂ ਬਹਾਦਰੀ ਦੇ ਅਜੇਹੇ ਕਮਾਲ ਕਰ ਵਿਖਾਏ ਕਿ ਅਰਜਨ ਤੇ ਭੀਮ ਦੇ ਕਾਰਨਾਮੇ ਵੀ ਭੁੱਲ ਗਏ। ਦੌਲਤ ਰਾਇ ਆਪਣੀ ਕਿਤਾਬ ਦੇ ਸਫਾ 251 ਤੇ ਲਿਖਦਾ ਹੈ ਕਿ ਇਸ ਤੋਂ ਵਡੀ ਕਰਾਮਾਤ ਹੋਰ ਕੀ ਹੋ ਸਕਦੀ ਹੈ ਕਿ "ਗੁਰੂ ਗੋਬਿੰਦ ਸਿੰਘ ਨੇ ਪਾਉਂ ਕੋ ਸਰ ਬਣਾ ਦੀਆਂ" ਅਤੇ "ਗੁਰੂ ਗੋਬਿੰਦ ਸਿੰਘ ਨੇ ਵੁਹ ਕ੍ਰਿਸ਼ਮੇ ਕੀਏ ਕਿ ਸਾਰਾ ਆਲਮ ਦੰਗ ਹੈ—ਨਾਮਰਦੋਂ ਕੋ ਮਰਦ ਬਨਾਂਯਾ ਹੈ ਲੂਮੜੀਓ ਕੋ ਸ਼ੇਰ ਉਠਾਇਆ ਹੈ ਕੌਮ ਕੀ ਕਾਯਾ ਪਲਟ ਦੀ ਹੈ—ਖਾਲਸਾ ਉਸ ਕੀ ਜਿੰਦਾ ਕਰਾਮਾਤ ਹਰ ਵਕਤ ਸਾਮ੍ਹਣੇ ਹੈ"

ਗੁਰੂ ਗੋਬਿੰਦ ਸਿੰਘ ਜੀ ਦੇ ਹਿੰਦੂ ਜਾਤੀ ਪ੍ਰਤੀ ਉਪਕਾਰਾਂ ਦਾ ਜਿਕਰ ਕਰਦਾ ਹੋਇਆ ਉਹ ਆਪਣੀ ਪੁਸਤਕ ਦੇ ਸਫਾ 157 ਤੇ ਲਿਖਦਾ ਹੈ।

1. 'ਹਿੰਦੂ ਕੌਮ ਕੀ ਹਸਤੀ ਕੀ ਬੁਨੀਆਦ ਪਰ ਐਸਾ ਕੁਲਹਾੜਾ ਰਖਾ ਗਿਆ ਥਾ ਕਿ ਅਗਰ ਗੁਰੂ ਗੋਬਿੰਦ ਸਿੰਘ ਹਿੰਮਤ ਸੇ ਇਸ ਕੁਲਹਾੜੇ ਕੋ ਨ ਉਠਾਤਾ ਔਰ ਦੂਰ ਨ ਫੈਂਕਤਾ ਤੋਂ ਵੁਹ ਹਸਤੀ ਫਨਾਹ ਹੋ ਕਰ ਇਸ ਕੀ ਖਾਕ ਹਵਾ ਮੇਂ ਉੜਤੀ ਹੂਈ ਨ ਮਿਲਤੀ' ਸਫਾ 221 ਤੇ ਉਹ ਲਿਖਦਾ ਹੈ 'ਗੁਰੂ ਗੋਬਿੰਦ ਸਿੰਘ ਨੇ ਸਭ ਕੁਰਬਾਨੀਆਂ ਹਿੰਦੂ ਜਾਤੀ ਕੇ ਉਧਾਰ ਕੇ ਲੀਏ ਕੀ ਥੀਂ ਉਨਹੁ ਨੇ ਹਿੰਦੀਓਂ ਕੋ ਉਸ ਤੂਫਾਨ ਬਲਾ-ਅੰਗੇਜ਼ ਸੇ ਬਚਾਇਆ ਜਿਸ ਮੇਂ ਇਨ ਕਾ ਸਭ ਕੁਛ ਸੈਲਾਬਿ ਇਸਲਾਮ ਕੇ ਸਾਮ੍ਹਣੇ ਗੁਰਕ ਹੋਣੇ ਵਾਲਾ ਥਾ। ਹਮ ਬਿਲਾ ਖੌਫ ਯਿਹ ਕਹਿਣੇ ਕੋ ਤਯਾਰ ਹੈਂ ਕਿ ਉਸ ਵਕਤ ਅਗਰ ਕੋਈ ਹਿੰਦੂ ਬਾ ਗੈਰਤ ਪੈਦਾ ਹੂਆ ਤੋਂ ਵੁਹ ਸਿਰਫ ਗੁਰੂ ਗੋਬਿੰਦ ਸਿੰਘ ਹੀ ਥਾ-ਨਹੀਂ ਨਹੀਂ, ਮੁਸਲਮਾਨੋਂ ਕੀ ਆਠ ਸੌ ਸਾਲ ਕੀ ਹਕੂਮਤ ਕੇ ਅਰਸਾ ਮੇਂ ਅਗਰ ਕਿਸੀ ਕੀ ਰਗਿ ਅਹਿਮੀਅਤ ਕੋ ਜੋਸ਼ ਆਇਆ ਕਿਸੀ ਕੀ ਗੈਰਤ ਨੇ ਤਕਾਜਾ ਕੀਆ ਔਰ ਉਕਸਾਯਾ ਤੋ ਵੁਹ ਗੁਰੂ ਗੋਬਿੰਦ ਸਿੰਘ ਹੀ ਥਾ 'ਗੁਰੂ ਗੋਬਿੰਦ ਸਿੰਘ ਨੇ ਪਾਉਂ ਕੋ ਸਰ ਬਣਾ ਦੀਆਂ' ਦੀ ਵਿਆਖਿਆ ਕਰਦਾ ਹੋਇਆ ਆਪਣੀ ਕਿਤਾਬ ਦੇ ਸਫਾ 253-54 ਤੇ ਉਹ ਲਿਖਦਾ ਹੈ ਗੁਰੂ ਜੀ ਨੇ 'ਹਿੰਦੀਓਂ ਕੀ ਕਾਯਾਂ ਪਲਟ ਦੀ। ਕਾਇਰ ਸੇ ਬਹਾਦਰ, ਬੁਜ਼ਦਿਲ ਸੇ ਸ਼ੁਜਾਅ......ਖੁਦ ਗਰਜ ਸੇ ਕੌਮੀ ਜਾਂ ਨਿਸਾਰ......ਗੁਲਾਮ ਸੇ ਆਜ਼ਾਦ......ਪਿਆਦੇ ਸੇ ਸਵਾਰ, ਨੌਕਰ ਸੇ ਸਰਦਾਰ ਰੱਯਤ ਸੇ ਰਾਜਾ, ਨਾਤਵਾਂ ਸੇ ਬਲਵਾਨ ਡਰਪੋਕ ਸੇ ਜਾਨਬਾਜ਼' ਬਣਾ ਦੀਆ। ਪਰ ਸੋਚਣ ਵਾਲੀ ਗੱਲ ਹੈ ਕਿ ਸਾਧਾਰਨ ਮਨੁਖਾਂ ਅੰਦਰ ਥੋੜੇ ਜਹੇ ਸਮੇਂ

ਵਿਚ ਏਡੀ ਵਡੀ ਤਬਦੀਲੀ ਲਿਆਉਣ ਦਾ ਕੀ ਸਾਧਨ ਸੀ ਜ ਗੁਰੂ ਜੀ ਨੇ ਵਰਤਿਆ ?

ਸਾਧਨ ਸੀ ਲੋਕਾਂ ਦੇ ਮਨਾਂ ਤੇ ਪੈ ਹੋਇ ਡਰ ਦੀ ਨਿਵਿਰਤੀ । ਮਨੁਖ ਨੂੰ ਵਾਪਰ ਦੀਆਂ ਸਾਰੀਆਂ ਕਮਜ਼ੋਰੀਆਂ ਦਾ ਕਾਰਨ ਉਸ ਦੇ ਆਪਣੇ ਮਨ ਦਾ ਭੈ ਹੁੰਦਾ ਹੈ । ਜਿਸ ਦੇ ਮਨ ਅੰਦਰ ਕਿਸੇ ਗੱਲ ਦਾ ਅੰਦੇਸ਼ਾ-ਫਿਕਰ ਜਾਂ ਡਰ ਹੈ ਉਹ ਹਮੇਸ਼ਾ ਡੋਲਦਾ ਅਤੇ ਆਪਣੇ ਕਿਆਸੋਂ ਹੀ ਅਣ ਹੋਈਆਂ ਗੱਲਾਂ ਚਿਤਵਦਾ ਰਹਿੰਦਾ ਹੈ । ਉਸ ਦੇ ਅੰਦਰ ਦਾ ਡਰ ਹੀ ਉਸ ਦਾ ਸਰੀਰਕ ਅਤੇ ਦਿਮਾਗੀ ਬਲ ਹਰ ਲੈਂਦਾ ਅਤੇ ਓਹ ਕੁਝ ਕਰਨ ਦੀ ਸਮਰੱਥਾ ਗਵਾ ਲੈਂਦਾ ਹੈ ।

ਮਨੁਖ ਮਾਤਰ ਬਲਕਿ ਹਰ ਜੀਵ ਜੰਤੂ ਅੰਦਰ ਸਾਰਿਆਂ ਤੋਂ ਵਡਾ ਡਰ ਮੌਤ ਦਾ ਹੈ । ਕੋਈ ਜੀਵ ਵੀ ਭਾਵੇਂ ਕਿੰਨੀ ਹੀਣੀ ਜੇਹੀ ਹਸਤੀ ਰਖਦਾ ਹੋਵੇ ਮਰਨਾ ਨਹੀਂ ਚਾਹੁੰਦਾ । ਮੌਤ ਹੋ ਜਾਣ ਦਾ ਖਿਆਲ ਆਪਣੇ ਆਪ ਵਿਚ ਉਸ ਦੀ ਸਤਿਆ ਖਤਮ ਕਰ ਦੇਂਦਾ ਹੈ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਸਿਖਾਂ ਅੰਦਰੋਂ ਇਹ ਡਰ ਪਕੇ ਤੌਰ ਹਟਾ ਦੇਣਾ ਚਾਹੁੰਦੇ ਸਨ ।

ਮਨੁਖ ਸੁਭਾਉ ਕੁਝ ਅਜੇਹਾ ਹੈ ਕਿ ਜੋ ਗੱਲ ਵਾਰ ਵਾਰ ਕਿਸੇ ਨੂੰ ਵਾਪਰਦੀ ਰਹੇ ਉਸ ਦੇ ਲਈ ਉਹ ਗੱਲ ਸੁਭਾਵਕ ਬਣ ਜਾਂਦੀ ਹੈ ਅਤੇ ਓਹ ਉਸ ਨੂੰ ਸਹਿਜ ਹੀ ਕਬੂਲ ਕਰ ਲੈਣ ਦਾ ਆਦੀ ਹੋ ਜਾਂਦਾ ਹੈ । ਮੌਤ ਜੈਸੀ ਦੁਖਦਾਈ ਘਟਨਾ ਭੀ ਵਾਰ ਵਾਰ ਵਾਪਰਦੀ ਵੇਖਣ ਤੇ ਮਨੁਖ ਨੂੰ ਇਹ ਸੁਭਾਵਕ ਜਹੀ ਲਗਨ ਲਗ ਜਾਂਦੀ ਅਤੇ ਉਸ ਦਾ ਡਰ ਇਤਨਾ ਤੀਖਣ ਨਹੀਂ ਰਹਿੰਦਾ ਜਿਤਨਾ ਅਰੰਭ ਵਿਚ ਹੁੰਦਾ ਹੈ । ਸੋ ਗੁਰੂ ਜੀ ਨੇ ਪਰਤੱਖ ਵਰਤਦੀ ਮੌਤ ਵਿਖਾ ਕੇ ਆਪਣੇ ਸਿਖਾਂ ਅੰਦਰੋਂ ਮੌਤ ਦਾ ਡਰ ਦੂਰ ਕੀਤਾ ।

ਅਜੇਹਾ ਕਰਨ ਲਈ ਆਪ ਨੇ ਸਿਖਾਂ ਪਾਸੋਂ ਭਰੇ ਦੀਵਾਨ ਵਿਚ ਸਿਰ ਦੀ ਮੰਗ ਕੀਤੀ ਅਤੇ ਜਦੋਂ ਭਾਈ ਦਇਆ ਰਾਮ ਨੇ ਸੀਸ ਭੇਟਾ ਕਰ ਦਿਤਾ ਤਾਂ ਇਸ ਗੱਲ ਨੇ ਹੋਰ ਸਿਖਾਂ ਨੂੰ ਇਸ ਦੇ ਲਈ ਉਤਸ਼ਾਹਤ ਕੀਤਾ ਅਤੇ ਵਾਰੀ 2 ਚਾਰ ਹੋਰ ਸਿਖਾਂ ਨੇ ਆਪਣੇ ਆਪ ਨੂੰ ਪੇਸ਼ ਕਰ ਦਿਤਾ ਬਲਕਿ ਜੇ ਗੁਰੂ ਜੀ ਹੋਰ ਸਿਰਾਂ ਦੀ ਮੰਗ ਕਰਦੇ ਸਿਖ ਇਸ ਦੇ ਲਈ ਬਿਲਕੁਲ ਤਿਆਰ ਸਨ । ਉਨ੍ਹਾਂ ਨੇ ਹੁਣ ਮਰਨਾ ਮੰਡ ਲਿਆ ਹੋਇਆ ਸੀ । ਇਉਂ ਮੌਤ ਨੇ ਮੌਤ ਦਾ ਡਰ ਦੂਰ ਕਰ ਦਿਤਾ । ਭਾਵੇਂ ਗੁਰੂ ਨਾਨਕ ਦੇਵ ਜੀ ਫੁਰਮਾ ਗਏ ਹੋਇ ਸਨ ਕਿ 'ਇਤ ਮ ਰਗਿ ਪੈਰ ਧਰੀਜੈ-ਸਿਰ ਦੀਜੈ ਕਾਣ ਨ

ਕੀਜੈ' ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਸਿਖਾਂ ਪ੍ਰਤੀ ਕਿਹਾ ਸੀ :

'ਪਹਿਲਾਂ ਮਰਣ ਕਬੂਲ ਜੀਵਨ ਕੀ ਛਡਿ ਆਸ
ਹੋਹੁ ਸਭਨ ਕੀ ਰੇਣਕਾ ਤਉ ਆਉ ਹਮਾਰੇ ਪਾਸਿ'

ਇਨਾਂ ਫੁਰਮਾਣਾ ਨੂੰ ਅਮਲੀ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਤਲਵਾਰ ਹਥ ਵਿਚ ਲੈ ਕੇ ਸਿਰਾਂ ਦੀ ਮੰਗ ਕੀਤੀ ਸੀ। ਆਪ ਦਾ ਵਰਤਾਇਆ ਇਹ ਸਾਰਾ ਕੌਤਕ ਆਪਣੇ ਸਿਖਾਂ ਅੰਦਰੋਂ ਮੌਤ ਦਾ ਡਰ ਦੂਰ ਕਰਨ ਲਈ ਹੀ ਸੀ ਜਿਸ ਦੀ **response** (ਸਵੀਕਾਰਤਾ) ਸਿਖਾਂ ਵਲੋਂ ਪੂਰੀ ਸਰਧਾ ਤੇ ਸਿਦ ਦਿਲੀ ਨਾਲ ਮਿਲੀ ਜਿਸ ਤੇ ਗੁਰੂ ਜੀ ਨੂੰ ਨਿਸਚਾ ਹੋ ਗਿਆ ਕਿ ਸਿਖਾਂ ਮਰਣਾ ਮੰਡ ਲਿਆ ਸੀ ਤੇ ਉਨਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਫੁਰਮਾਨ ਪੂਰੀ ਤਰਾਂ ਦ੍ਰਿੜ ਹੋ ਗਿਆ ਸੀ ਕਿ 'ਐਸੇ ਮਰਨੇ ਜੋ ਮਰੇ ਬਹੁਰ ਨ ਮਰਨਾ ਹੋਇ'—ਪ੍ਰਵਾਨਗੀ ਦੀ ਮੌਤ ਮਰਨ ਵਾਲਾ ਵਾਰ ਵਾਰ ਨਹੀਂ ਮਰਦਾ। ਉਸ ਦਾ ਇਹ ਨਿਸਚਾ ਮੌਤ ਦਾ ਡਰ ਦੂਰ ਕਰ ਦੇਂਦਾ ਅਤੇ ਉਸ ਦੇ ਲਈ ਜੀਉਣਾਂ ਅਤੇ ਮਰਨਾ ਸਮਾਨ ਹੋ ਜਾਂਦੇ ਹਨ। ਵਿਸ਼ੇਸ਼ ਕਰਕੇ ਐਸਾ ਆਦਮੀ ਜੋ ਕਿਸੇ ਕਾਜ਼ (cause-ਉਚੇ ਸੁਚੇ ਮੰਤਵ) ਦੀ ਸਫਲਤਾ ਲਈ ਨਿਸ਼ਚਾ ਧਾਰ ਲੈਂਦਾ ਹੈ ਉਸ ਨੂੰ ਕੋਈ ਸਰੀਰਕ ਦੁਖ ਜਾਂ ਮੌਤ ਡੁਲਾਅ ਨਹੀਂ ਸਕਦੇ ਅਤੇ ਉਹ ਜਲਾਦ ਮੂਹਰੇ ਵੀ ਚਾਉ ਭਰੇ ਹਿਰਦੇ ਨਾਲ ਸਿਰ ਝੁਕਾ ਦੇਂਦਾ ਹੈ। ਸਿੱਖ ਇਤਿਹਾਸ, ਕੀ ਪੁਰਾਤਨ ਤੇ ਕੀ ਨਵੀਨ, ਅਜੇਹੇ ਮਰ-ਜੀਉੜਿਆਂ ਦੀਆਂ ਵਾਰਤਾਵਾਂ ਦਾ ਹੀ ਚਿਤਰ ਹੈ ਉਹ ਤਾਂ ਹਮੇਸਾ ਗਾਉਂਦੇ ਹਨ।

'ਮੋਹਿ ਮਰਨੇ ਕਾ ਚਾਉ ਹੈ ਮਰਉਂ ਤ ਹਰਿ ਕੇ ਦੁਆਰਿ'

ਨਨਕਾਣਾ ਸਾਹਿਬ ਦਾ 1921 ਦਾ ਸਾਕਾ, ਗੁਰੂ ਕੇ ਬਾਗ ਦਾ 1922 ਦਾ ਮੋਰਚਾ ਗੰਗ ਸਰ ਜੈਤੋ ਦਾ **1924** ਦਾਂ ਸਾਕਾ ਤੇ ਮੋਰਚਾ ਇਸ ਚਾਉ ਦੇ ਹੀ ਸਬੂਤ ਹਨ ਨਨਕਾਣਾ ਸਾਹਿਬ ਸ਼ਹੀਦ ਹੋਇ ਸਿੰਘਾਂ ਦੇ ਜਥੇਦਾਰ ਭਾਈ ਲਛਮਣ ਸਿੰਘ ਅਤੇ ਉਨ੍ਹਾਂ ਦੇ ਜਥੇ ਦੇ ਸਿੰਘ ਪਿੰਡ ਧਾਰੋਵਾਲ ਤੋਂ ਚਲੱਣ ਸਮੇਂ ਅਰਦਾਸਾ ਸੋਧ ਕੇ ਤੁਰੇ ਸਨ ਕਿ 'ਜੇ ਅਸੀਂ ਗੁਰਦੁਆਰੇ ਨੂੰ ਆਜ਼ਾਦ ਨ ਕਰਾ ਸਕੀਏ ਤਾਂ ਅਸੀਂ ਉਥੇ ਸ਼ਹੀਦ ਹੋ ਜਾਈਏ' ਅਤੇ ਜਦੋਂ ਨਨਕਾਣਾ ਸਾਹਿਬ ਦੇ ਨੇੜੇ ਪਹੁੰਚ ਜਾਣ ਉਪ੍ਰੰਤ ਪੰਥਕ ਮੁਖੀਆ ਦੀ ਚਿਠੀ ਜਿਸ ਵਿਚ ਉਨਾਂ ਨੂੰ ਜਥਾ ਨ ਲੈ ਜਾਣ ਦੀ ਸੂਚਨਾ ਦਿਤੀ ਗਈ ਸੀ, ਮਿਲੀ

ਤਾਂ ਵੀ ਉਹ ਵਾਪਸ ਨਹੀਂ ਮੁੜੇ ਕਿਉਂਕਿ ਉਹ ਆਪਣੇ ਮਿਸ਼ਨ ਵਿਚ ਸਫਲ ਨ ਹੋਣ ਦੀ ਸੂਰਤ ਵਿਚ ਸ਼ਹੀਦ ਹੋ ਜਾਣ ਦਾ ਅਰਦਾਸਾ ਕਰ ਚੁਕੇ ਹੋਇ ਸਨ ਉਨ੍ਹਾਂ ਇਸ ਤੇ ਪੂਰਾ ਪਹਿਰਾ ਦਿਤਾ।

ਅਜੇਹੀ ਗੱਲ ਹੀ ਗੁਰੂ ਕੇ ਬਾਗ ਦੇ ਮੋਰਚੇ ਦੀ ਸੀ ਜਿਸ ਅੰਦਰ ਹਰ ਦਿਨ ਇਕ ਸੌ ਸਿੰਘ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ ਜਾਂਦੇ ਅਤੇ ਉਥੇ ਪਹੁੰਚਨ ਸਾਰ ਸਮਾਂ ਵਾਲੀਆਂ ਡਾਂਗਾ ਨਾਲ ਮਾਰੇ ਤੇ ਬੇਹੋਸ਼ ਕਰਕੇ ਗੰਦੇ ਪਾਣੀਆਂ ਦੇ ਡੁੰਮਾਂ ਵਿਚ ਸੁਟੇ ਜਾਂਦੇ ਪ੍ਰੰਤੂ ਅਜੇਹਾ ਹੋਣ ਦੇ ਬਾਵਜੂਦ ਵੀ ਹਰ ਅਗਲੇ ਦਿਨ ਹੋਰ ਸੌ ਸਿੰਘ ਤਿਆਰ ਹੁੰਦਾ ਅਤੇ ਪਹਿਲੇ ਦਿਨ ਵਾਂਝ ਬੇਹੋਸ਼ ਕੀਤਾ ਜਾਂਦਾ। ਸਤਾਰਾਂ ਦਿਨ ਅਜੇਹਾ ਕੁਝ ਹੁੰਦਾ ਰਿਹਾ ਪਰ ਸਿੰਘਾਂ ਇਸ ਤੋਂ ਮੂੰਹ ਨਹੀਂ ਮੋੜਿਆ। ਇਉਂ ਹੀ ਗੁਰਦੁਆਰਾ ਗੰਗ ਸਰ ਜੈਤੋ ਦੇ ਮੋਰਚੇ ਸਮੇਂ ਪਹਿਲੇ ਦਿਨ ਗਏ ਪੰਜ ਸੌ ਸਿੰਘਾਂ ਦੇ ਜਥੇ ਉਪਰ ਗੋਲੀ ਵਰ੍ਹਾਈ ਗਈ ਜਿਸ ਨਾਲ ਲਗ ਪਗ ਤਿੰਨ ਸੌ ਸਿੰਘ ਸ਼ਹੀਦ ਹੋਏ ਪਰ ਇਸ ਨੇ ਸਿੰਘਾਂ ਦੇ ਹੌਸਲੇ ਢਾਹੁਣ ਦੀ ਬਜਾਏ ਹੋਰ ਵਧਾ ਦਿਤੇ ਅਤੇ ਉਸ ਪਿਛੋਂ ਹੋਰ ਕਿਤਨੇ ਹੀ ਜਥੇ ਨੀਯਤ ਪ੍ਰੋਗਰਾਮ ਅਨੁਸਾਰ ਜੈਤੋ ਜਾਂਦੇ ਰਹੇ।

ਅਜੇਹੇ ਪੁਰਾਤਨ ਤੇ ਨਵੀਨ ਵਾਕਿਆਤ ਤੋਂ ਇਹ ਗੱਲ ਸੂਰਜ ਵਤ ਰੋਸ਼ਨ ਹੈ ਕਿ ਸਿੰਘਾਂ ਮੌਤ ਦਾ ਡਰ ਕਦੀ ਨਹੀਂ ਮੰਨਿਆ ਅਤੇ ਗੁਰੂ ਨਾਨਕ ਦੇਵ ਦੇ ਹੁਕਮ 'ਇਤ ਮਾਰਗਿ ਪੈਰ ਧਰੀਜੈ-ਸਿਰ ਦੀਜੈ ਕਾਣ ਨ ਕੀਜੈ' ਤੇ ਹਮੇਸ਼ਾ ਪਹਿਰਾ ਦਿਤਾ।

ਅਖਾਂ ਅਗੇ ਲਿਆਓ ਦਿਲੀ ਲਾਲ ਕਿਲੇ ਦੇ ਸਾਮ੍ਹਣੇ ਚਾਂਦਨੀ ਚੌਕ ਦੇ ਲਾਂਘੇ ਵਾਲਾ ਥਾਉਂ ਤੇ ਸੰਨ 1716 ਦੇ ਮਾਰਚ ਦਾ ਮਹੀਨਾ। ਇਥੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਗੁਰਦਾਸ ਨੰਗਲ ਤੋਂ ਫੜ ਲਿਆਦੇ ਸਤ ਸੌ ਸਿੰਘਾਂ ਵਿਚੋਂ ਇਕ ਸੌ ਸਿੰਘਾਂ ਨੂੰ ਹਰ ਦਿਨ ਇਸ ਲਈ ਸ਼ਹੀਦ ਕੀਤਾ ਜਾਂਦਾ ਰਿਹਾ ਕਿਉਂਕਿ ਉਨ੍ਹਾਂ ਵਿਚੋਂ ਹਰ ਇਕ 'ਕਿਆ ਮਨਜ਼ੂਰ ਹੈ ਇਸਲਾਮ ਜਾਂ ਮੌਤ ?' ਦੇ ਸਵਾਲ ਦਾ ਜਵਾਬ "ਮੌਤ" ਦੇਂਦਾ ਸੀ। ਜਿਸ ਦਿਨ ਦੀ ਅਸਾਂ ਗੱਲ ਕਰਨੀ ਹੈ ਉਸ ਦਿਨ ਕਤਲਗਾਹ ਤੇ ਲਿਆਂਦੇ ਸੌ ਸਿੰਘਾਂ ਵਿਚ ਇਕ ਮਸ ਫੁਟਦੀ ਗਭਰੂ ਸੀ ਜਿਸ ਦੀ ਮਾਂ ਨੇ ਉਥੇ ਜੁੜੀ ਤਮਾਸ਼ਬੀਨਾ ਦੀ ਭੀੜ ਵਿਚੋਂ ਅਗੇ ਵਧ ਕੇ ਉਚੀ ਆਵਾਜ਼ ਕਿਹਾ ਸੀ 'ਕਾਜ਼ੀ ਸਾਹਿਬ ਇਸ ਨੂੰ ਨ ਮਾਰਨਾ ਇਹ ਸਿਖ ਨਹੀਂ ਹੈ ਇਹ ਐਵੇਂ ਸਿਖਾਂ ਨਾਲ ਫੜ

ਲਿਆ ਗਿਆ ਹੈ' ਉਸ ਗਭਰੂ ਨੇ ਆਪਣੀ ਮਾਂ ਦੀ ਇਹ ਗੱਲ ਸੁਣੀ ਅਥੇ ਜੋਸ਼ ਨਾਲ ਬੋਲਿਆ 'ਕੌਣ ਕਹਿੰਦਾ ਹੈ ਮੈਂ ਸਿਖ ਨਹੀਂ—ਮੇਰੀ ਮਾਂ ਝੂਠ ਬੋਲਦੀ ਹੈ ਮੈਂ ਗੁਰ ਕਲਗੀਵਾਲੇ ਦਾ ਸਿਖ ਹਾਂ ਅਤੇ ਗੁਰੂ ਦੀ ਮੋਹਰ ਕੇਸਾ ਨੂੰ ਜਾਨ ਤੋਂ ਪਿਆਰੇ ਸਮਝਦਾ ਹਾਂ-ਜਲਦੀ ਕਰੋ ਮੈਨੂੰ ਮੇਰੇ ਸ਼ਹੀਦ ਭਰਾਵਾਂ ਪਾਸ ਭੇਜੋ' ।

ਇਤਿਹਾਸਕਾਰ ਖਾਫੀ ਖਾਂ ਫਾਰਸੀ ਬੋਲੀ ਵਿਚ ਲਿਖੀ ਆਪਣੀ ਕਿਤਾਬ ਵਿਚ ਇਸ ਬਾਰੇ ਇਉਂ ਲਿਖਦਾ ਹੈ : 'ਮਾਦਰਮ ਦਰੋਗ ਮੇ ਗੋਇਦ । ਮਨ ਬਾ ਦਿਲ ਓ ਜਾਨ ਅਜ਼ ਮੋਅਤਕਦਾਂ ਵਾ ਫਿਦਾਇਆਨੇ ਜਾਂ ਨਿਸਾਰਿ ਮੁਰਸ਼ਦ ਖੁਦਮ । ਮਰਾ ਜ਼ੂਦ ਬਾ ਰਫੀਕਾਨੇ ਮਨ ਰਸਾਨੇਦ' ।

ਕਾਜ਼ੀ ਨੇ ਉਸ ਗਭਰੂ ਨੂੰ ਬਹੁਤ ਸਮਝਾਇਆ ਅਤੇ ਆਪਣੀ ਮਾਂ ਦੀ ਆਂਦਰ ਠਾਰਨ ਦਾ ਵਾਸਤਾ ਵੀ ਪਾਇਆ ਪਰ ਉਸ ਨੇ ਕਾਜ਼ੀ ਦੀ ਸਮਝਾਉਣੀ ਅਤੇ ਮਾਂ ਦੇ ਪਿਆਰ ਨੂੰ ਠੁਕਰਾਉਂਦੇ ਹੋਇ ਹਸਦੇ 2 ਗੁਰਸ਼ਿਖੀ ਦੇ ਨਾਮ ਤੇ ਆਪਣੀ ਬਲੀ ਦੇ ਦਿਤੀ ।

ਚਾਂਦਨੀ ਚੌਂਕ ਦਿਲੀ ਵਿਚ ਹੋਈ ਸਤ ਦਿਨਾਂ ਦੀ ਇਸ ਕਤਲਾਮ ਦੀ ਰੀਪੋਰਟ ਬੰਗਾਲ ਦੇ ਅੰਗ੍ਰੇਜ਼ ਗਵਰਨਰ ਨੂੰ ਭੇਜਦਾ ਹੋਇਆ ਸਫੀਰ ਜੋਹਨ ਸਰਮਨੇ 10 ਮਾਰਚ ਸੰਨ 1716 ਨੂੰ ਲਿਖਦਾ ਹੈ ।

'They are, one hundred each day beheaded. It is not a little remarkable with what patience they urdergo their fate and to the last it has not been found that one has apostatised from the new formed religion' (Early Records of British India)

'ਉਨਾਂ ਵਿਚੋਂ ਇਕ ਇਕ ਸੌ ਸਿਖ ਹਰ ਰੋਜ਼ ਕਤਲ ਕੀਤਾ ਜਾਂਦਾ ਹੈ । ਜਿਸ ਸਿਦਕ ਦਿਲੀ ਨਾਲ ਓਹ ਮੌਤ ਨੂੰ ਕਬੂਲਦੇ ਹਨ, ਕੋਈ ਮਾਮੂਲੀ ਗੱਲ ਨਹੀਂ । ਅਖੀਰਲੀ ਘੜੀ ਤਕ ਉਨਾਂ ਵਿਚੋਂ ਇਕ ਵੀ ਅਜੇਹਾ ਨਹੀਂ ਮਿਲਿਆ ਜਿਸ ਨੇ ਇਸ ਨਵੇਂ ਧਰਮ ਨੂੰ ਤਿਆਗਿਆ ਹੋਵੇ'

ਇਸ ਤੋਂ ਭੀ ਵਧ ਮਰਦਊ ਪੁਣੇ ਦੀ ਵਾਰਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਇਉਂ ਹੈ ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦ ਪੁਰ ਸਾਹਿਬ ਦਾ ਕਿਲਾਂ ਛਡਿਆ ਅਤੇ ਦੁਸ਼ਮਣਾਂ ਨਾਲ ਲੜਦੇ ਭਿੜਦੇ ਰਾਤ ਦੇ ਸਮੇਂ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਰਾਤ ਦੇ ਹਨੇਰੇ ਅਤੇ ਲੜਾਈ ਦੇ ਘਮਸਾਣ ਵਿਚ ਗੁਰੂ ਜੀ ਦੀ ਬਿਰਧ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਅਤੇ ਹੋਰ ਸਿਖਾਂ ਤੋਂ ਨਿੱਖੜ ਗਏ। ਸਾਹਿਬ ਜ਼ੋਰਾਵਰ ਸਿੰਘ ਉਸ ਵੇਲੇ ਨੌਂ ਸਾਲ ਦੇ ਅਤੇ ਸਾਹਿਬ ਫਤਿਹ ਸਿੰਘ ਸਤ ਸਾਲ ਦੇ ਸਨ। ਇਨ੍ਹਾਂ ਦੇ ਨਾਲ ਤਦੋਂ ਗੰਗੂ ਬਾਹਮਣ ਸੀ ਜੋ ਗੁਰੂ ਜੀ ਦਾ ਰਸੋਈਆ ਰਹਿ ਚੁਕਾ ਸੀ। ਗੰਗੂ ਦਾ ਪਿੰਡ ਸਹੇੜੀ ਇਥੋਂ ਨੇੜੇ ਸੀ, ਉਸ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਸਹੇੜੀ ਚਲੇ ਚਲੋ ਅਤੇ ਜਦੋਂ ਤਾਈਂ ਗੁਰੂ ਜੀ ਨਹੀਂ ਮਿਲ ਜਾਂਦੇ ਤੁਸੀਂ ਉਥੇ ਹੀ ਰਹੀ ਜਾਣਾ, ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰਾਂਗਾ। ਮਾਤਾ ਜੀ ਨੇ ਗੰਗੂ ਨੂੰ ਆਪਣਾ ਪੁਰਾਣਾ ਰਸੋਈਆ ਜਾਣ ਕੇ ਉਸ ਤੇ ਇਤਬਾਰ ਕੀਤਾ ਅਤੇ ਦੋਹਾਂ ਛੋਟੇ ਪੋਤਿਆਂ ਸਮੇਤ ਉਸ ਦੇ ਘਰ ਚਲੇ ਗਏ।

ਜਦੋਂ ਗੰਗੂ ਨੇ ਵੇਖਿਆ ਕਿ ਗੁਰੂ ਜੀ ਦੀ ਮਾਤਾ ਅਤੇ ਛੋਟੇ ਬਚੇ ਹੁਣ ਉਸ ਦੇ ਵਸ ਸਨ ਅਤੇ ਉਹ ਜੋ ਚਾਹੇ ਉਨਾਂ ਨਾਲ ਕਰ ਸਕਦਾ ਸੀ ਤਾਂ ਉਸ ਦੇ ਦਿਲ ਨੇ ਇਹ ਠਾਣ ਲਈ ਕਿ ਉਹ ਇਨ੍ਹਾਂ ਨੂੰ ਫੜਾ ਕੇ ਸਰਕਾਰ ਤੋਂ ਇਨਾਮ ਹਾਸਲ ਕਰੇ। ਉਸ ਦੇ ਪਿੰਡ ਦੇ ਲਾਗੇ ਹੀ ਪਠਾਣਾਂ ਦਾ ਪਿੰਡ ਮੁਰੰਡਾ ਸੀ। ਉਹ ਝਟ ਮੁਰੰਡੇ ਗਿਆ ਅਤੇ ਉਥੋਂ ਦੇ ਸਿਰ ਕਢ ਪਠਾਣਾਂ ਨੂੰ ਸਾਹਿਬਜ਼ਾਦਿਆਂ ਅਤੇ ਮਾਤਾ ਦੇ ਘਰ ਆਏ ਹੋਣ ਦੀ ਖਬਰ ਜਾ ਦਿਤੀ। ਪਠਾਣ ਬੜੇ ਖੁਸ਼ ਹੋਏ। ਉਨ੍ਹਾਂ ਨੇ ਗੰਗੂ ਦੇ ਘਰੋਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗਰਿਫਤਾਰ ਕਰ ਲਿਆ ਅਤੇ ਸਰਹਿੰਦ ਲੈ ਜਾ ਕੇ ਉਨ੍ਹਾਂ ਨੂੰ ਸੂਬਾ ਵਜ਼ੀਰ ਖਾਨ ਦੇ ਪੇਸ਼ ਜਾ ਕੀਤਾ। ਸੂਬੇ ਨੇ ਉਨ੍ਹਾਂ ਨੂੰ ਠੰਡੇ ਬੁਰਜ ਅੰਦਰ ਬੰਦ ਕੀਤੇ ਜਾਣ ਦਾ ਹੁਕਮ ਦਿਤਾ ਅਤੇ ਉਨਾਂ ਪਰ ਸਖਤ ਪਹਿਰੇ ਲਗਾ ਦਿਤੇ। ਪੋਹ ਦੇ ਮਹੀਨੇ ਜਦੋਂ ਵੈਸੇ ਹੀ ਸਰਦੀ ਦਾ ਜ਼ੋਰ ਹੁੰਦਾ ਹੈ ਠੰਡੇ ਬੁਰਜ ਅੰਦਰ ਮਾਸੂਮ ਬਚਿਆਂ ਅਤੇ ਬਿਰਧ ਮਾਤਾ ਨੂੰ ਕੈਦ ਕਰ ਦੇਣਾ ਉਨ੍ਹਾਂ ਲਈ ਅਤਿ ਦੁਖਦਾਈ ਸੀ ਪ੍ਰੰਤੂ ਜ਼ਾਲਮ ਸੂਬੇ ਨੂੰ ਅਜੇਹਾ ਕਰਣ ਤੋਂ ਕਉਣ ਰੋਕ ਸਕਦਾ ਸੀ ?

ਵਜ਼ੀਰ ਖਾਨ ਸਮਝਦਾ ਸੀ ਕਿ ਸਾਹਿਬਜ਼ਾਦੇ ਕੈਦਖਾਨੇ ਦੀ ਸਖਤੀ ਅਤੇ ਉਸ ਦੇ ਭੈ ਤੋਂ ਘਬਰਾ ਕੇ ਆਪਣਾ ਧਰਮ ਹਾਰ ਦੇਣਗੇ ਅਤੇ ਜੇ ਕਰ ਉਨ੍ਹਾਂ ਨੇ ਕੇਸ ਕਟਵਾ ਕੇ ਮੁਸਲਮਾਨ ਬਣ ਜਾਣਾ ਮੰਨ ਲਿਆ ਤਾਂ ਦਿਲੀ ਦਰਬਾਰ ਵਿਚ ਉਸ ਦੀ ਬੜੀ ਇਜਤ ਹੋਵੇਗੀ ਅਤੇ ਉਨ੍ਹਾਂ ਦੇ ਵੇਖੋ ਵੇਖੀ ਫਿਰ ਹੋਰ ਸਿਖ ਭੀ ਮੁਸਲਮਾਨ ਹੋ

ਜਾਣਗੇ। ਇਸ ਲਈ ਉਸ ਨੇ ਅਗਲੇ ਅਥਵਾ 24 ਦਸੰਬਰ ਦੇ ਦਿਨ ਸਾਹਿਬ ਜ਼ਾਦਿਆਂ ਨੂੰ ਉਸ ਦੀ ਕਚਿਹਰੀ ਪੇਸ਼ ਕੀਤੇ ਜਾਣ ਦਾ ਹੁਕਮ ਦਿਤਾ।

ਜਦੋਂ ਕੋਤਵਾਲ ਨੇ ਮਾਤਾ ਜੀ ਤਾਂਈ ਸਾਹਿਬ ਜ਼ਾਦਿਆਂ ਨੂੰ ਸੂਬੇ ਦੇ ਪੇਸ਼ ਕਰਨ ਦਾ ਹੁਕਮ ਸੁਣਾਇਆ ਤਾਂ ਮਾਤਾ ਜੀ ਸਾਰੀ ਗੱਲ ਭਾਂਪ ਗਏ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਿਰ ਆਪਣੇ ਹਥੀਂ ਸੋਹਣੀਆਂ ਦਸਤਾਰਾਂ ਸਜਾ ਕੇ ਉਨ੍ਹਾਂ ਨੂੰ ਇਉਂ ਸਮਝਾਇਆਂ :

'ਬਚਿਓ ! ਮੈਂ ਤੁਹਾਨੂੰ ਸੂਬੇ ਪਾਸ ਭੇਜਣ ਲਗੀ ਹਾਂ, ਪਤਾ ਨਹੀਂ ਉਹ ਤੁਹਾਡੇ ਨਾਲ ਕੀ ਸਲੂਕ ਕਰੇਗਾ। ਪਰ ਤੁਸਾਂ ਮੇਰੀ ਇਕ ਗੱਲ ਚੇਤੇ ਰਖਣੀ ਕਿ ਤੁਸੀਂ ਉਸ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ ਜਿਨਾਂ ਨੇ ਦਿੱਲੀ ਦੇ ਚਾਂਦਨੀ ਚੌਕ ਅੰਦਰ ਆਪਣਾ ਸੀਸ ਤਾਂ ਕਟਵਾ ਲਿਆ ਸੀ ਪਰ ਜ਼ੁਲਮ ਅਗੇ ਝੁਕੇ ਨਹੀਂ ਸਨ ਅਤੇ ਨਾ ਜ਼ਾਲਮ ਦਾ ਡਰ ਦਿਲ ਵਿਚ ਰਖਿਆ ਸੀ। ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ ਅਤੇ ਇਸ ਤੋਂ ਡਰਿਆਂ ਇਸ ਨੇ ਛਡਣਾ ਨਹੀਂ। ਇਸ ਲਈ ਮੌਤ ਦਾ ਡਰ ਦਿਲ ਵਿਚ ਕਦੀ ਵੀ ਨਹੀਂ ਲਿਆਉਣਾ ਅਤੇ ਜੇ ਕਰ ਸਿਰ ਦੇ ਪਿਆਰੇ ਕੇਸ ਅਤੇ ਧਰਮ ਰਖਣ ਲਈ ਗਰਦਨ ਕਟਾਉਣੀ ਪਵੇ ਤਾਂ ਬੇਸ਼ਕ ਕਟਾ ਦੇਣੀ ਪਰ ਧਰਮ ਨਹੀਂ ਹਾਰਨਾ ਅਤੇ ਨਾ ਜ਼ਾਲਮ ਅਗੇ ਸਿਰ ਝੁਕਾਉਣਾ। ਜ਼ਾਲਮ ਸੂਬਾ ਤੁਹਾਨੂੰ ਕਈ ਤਰ੍ਹਾਂ ਦੇ ਲਾਲਚ ਦੇਵੇਗਾ, ਤੁਸੀਂ ਉਨ੍ਹਾਂ ਵਿਚ ਫਸਣਾ ਨਹੀਂ। ਤੁਹਾਨੂੰ ਧਰਮ ਤੋਂ ਡੇਗਣ ਲਈ ਤਰ੍ਹਾਂ 2 ਦੇ ਡਰ ਅਤੇ ਦੁਖ ਭੀ ਦੇਵੇਗਾ ਤੁਸੀਂ ਹਰਗਿਜ਼ ਡਰਨਾ ਜਾਂ ਘਬਰਾਉਣਾ ਨਹੀਂ। ਤਸੀਂ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਨਾ, ਉਹ ਤੁਹਾਨੂੰ ਮੁਸੀਬਤ ਵਿਚ ਡੋਲਣ ਨਹੀਂ ਦੇਣਗੇ ਅਤੇ ਫਿਰ ਦੁਖ ਤੁਹਾਨੂੰ ਪੋਹ ਨਹੀਂ ਸਕੇਗਾ। ਲੋ ਹੁਣ ਤੁਸੀਂ ਜਾਓ, ਮੇਰਾ ਤੇ ਤੁਹਾਡਾ ਸ਼ਾਇਦ ਇਹ ਅਖੀਰੀ ਮੇਲਾ ਹੈ।'

ਇਤਨਾ ਕਹਿ ਕੇ ਬਿਰਧ ਮਾਤਾ ਨੇ ਸਾਹਿਬਜ਼ਾਦਿਆਂ ਦੇ ਸਿਰ ਤੇ ਪਿਆਰ ਦਿਤਾ, ਮੂੰਹ ਚੁੰਮਿਆ, ਗਜ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਉਨ੍ਹਾਂ ਨੂੰ ਕੋਤਵਾਲ ਦੇ ਨਾਲ ਤੋਰ ਦਿਤਾ।

ਕੋਤਵਾਲ ਸਾਹਿਬਜ਼ਾਦਿਆਂ ਨੂੰ ਲੈ ਕੇ ਉਥੇ ਪੁਜਾ ਜਿਥੇ ਸਰਹਿੰਦ ਦਾ ਸੂਬਾ ਆਪਣੇ ਵਜ਼ੀਰਾਂ ਅਮੀਰਾਂ ਸਮੇਤ ਦਰਬਾਰ ਲਾਈ ਬੈਠਾ ਸੀ। ਉਸ ਦਾ ਖਿਆਲ ਸੀ

ਕਿ ਇਹ ਸਤ ਅਤੇ ਨੌ ਸਾਲ ਦੇ ਅੰਞਾਣੇ ਬੱਚੇ ਮੇਰੇ ਦਰਬਾਰ ਦਾ ਠਾਠ ਵੇਖ ਕੇ ਘਬਰਾ ਜਾਣਗੇ ਅਤੇ ਮੈਂ ਜੋ ਕੁਝ ਇਹਨਾਂ ਨੂੰ ਕਹਾਂਗਾ ਇਹ ਝਟ ਮੰਨ ਜਾਣਗੇ। ਪਰ ਜਦੋਂ ਸਾਹਿਬਜ਼ਾਦੇ ਸੂਬੇ ਦੇ ਸਾਹਮਣੇ ਆਏ ਤਾਂ ਇਨਾਂ ਬੜੀ ਨਿਡਰਤਾ ਨਾਲ ਸੂਬੇ ਦੀਆਂ ਅਖਾਂ ਵਿਚ ਅਖਾਂ ਪਾ ਕੇ ਇਕ ਟਕ ਉਸ ਦੇ ਵੱਲ ਤਕਿਆ ਅਤੇ ਮੂੰਹ ਤੋਂ ਗਜ ਕੇ 'ਵਾਹਿਗੁਰੂ ਜੀ ਕੀ ਫਤਹ' ਬੁਲਾਈ। ਸੂਬਾ ਅਤੇ ਵਜ਼ੀਰ ਅਮੀਰ ਬੱਚਿਆਂ ਦੀ ਇਹ ਦਲੇਰੀ ਵੇਖ ਬੜੇ ਹੈਰਾਨ ਹੋਏ ਅਤੇ ਉਨ੍ਹਾਂ ਵਿਚੋਂ ਇਕ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਸਾਹਿਬ ਦੇ ਸਾਹਮਣੇ ਸਿਰ ਝੁਕਾ ਕੇ ਸਲਾਮ ਕਰਣ ਨੂੰ ਕਿਹਾ। ਸਾਹਿਬ ਜ਼ੋਰਵਾਰ ਸਿੰਘ ਨੇ ਉਚੀ ਆਵਾਜ਼ ਵਿਚ ਜਵਾਬ ਦਿਤਾ 'ਅਸੀਂ ਆਪਨੇ ਗੁਰੂ ਪਿਤਾ ਜੀ ਤੋਂ ਬਿਨਾਂ ਕਿਸੇ ਦੇ ਸਾਹਮਣੇ ਸਿਰ ਝੁਕਾਉਣਾ ਨਹੀਂ ਸਿਖੇ ਅਤੇ ਨਾ ਕਦੀ ਝੁਕਾਵਾਂਗੇ ਤੁਸੀਂ ਹੋਰ ਜੇਹੜੀ ਗੱਲ ਕਰਨੀ ਹੈ ਕਰੋ।' ਸੂਬਾ ਸਾਹਿਬਜਾਦੇ ਦੇ ਇਸ ਤਰਾਂ ਦੇ ਬੋਲਣ ਤੇ ਹੋਰ ਭੀ ਹੈਰਾਨ ਹੋਇਆ ਅਤੇ ਉਸ ਨੇ ਕਚਹਿਰੀ ਅੰਦਰ ਬੈਠੇ ਕਾਜ਼ੀ ਵੱਲ ਉਨਾਂ ਨਾਲ ਗੱਲ ਕਰਣ ਲਈ ਇਸਾਰਾ ਕੀਤਾ।

ਹੁਣ ਕਾਜ਼ੀ ਨੇ ਅਗੇ ਵਧ ਕੇ ਸਾਹਿਬਜ਼ਾਦਿਆਂ ਨੂੰ ਤਰ੍ਹਾਂ 2 ਦੇ ਡਰ ਤੇ ਲਾਲਚ ਦੇਣੇ ਸ਼ੁਰੂ ਕੀਤੇ, ਕਦੀ ਪਿਆਰ ਨਾਲ ਸਮਝਾਉਂਦਾ ਅਤੇ ਕਦੀ ਧਮਕੀ ਦੇਂਦਾ ਤੇ ਡਰਉਂਦਾ। ਉਸ ਨੇ ਇਥੋਂ ਤਕ ਕਹਿ ਦਿਤਾ ਕਿ ਜਿਸ ਗੁਰੂ ਪਿਤਾ ਦਾ ਤੁਹਾਡੇ ਦਿਲ ਵਿਚ ਲਾਡ ਹੈ ਉਹ ਹੁਣ ਤੁਹਾਨੂੰ ਨਹੀਂ ਮਿਲ ਸਕਦਾ, ਉਹ ਤਾਂ ਸਰਸਾ ਨਦੀ ਤੋਂ ਲੰਘਦੇ ਹੋਏ ਰਸਤੇ ਵਿਚ ਹੀ ਮਾਰੇ ਗਏ ਹਨ ਅਤੇ ਉਹਨਾਂ ਦੇ ਨਾਲ ਸਾਰੇ ਸਿਖ ਭੀ ਮਰ ਚੁਕੇ ਹਨ। ਤੁਹਾਡੀ ਮਦਦ ਕਰਨ ਵਾਲਾ ਹੁਣ ਕੋਈ ਨਹੀਂ ਰਿਹਾ। ਤੁਹਾਡੇ ਲਈ ਤਾਂ ਹੁਣ ਇਹੋ ਚੰਗਾ ਹੈ ਕਿ ਤੁਸੀਂ ਨਵਾਬ ਸਾਹਿਬ ਨੂੰ ਹੀ ਆਪਣਾ ਧਰਮ ਦਾ ਬਾਪ ਸਮਝੋ ਅਤੇ ਦੀਨ ਇਸਲਾਮ ਨੂੰ ਕਬੂਲ ਕੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਮਾਣੋ'। ਕਾਜ਼ੀ ਦੇ ਅਜੇਹੇ ਬਚਨ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿਚ ਆ ਗਏ ਅਤੇ ਇਕ ਦਮ ਬੋਲ ਉਠੇ ਕਾਜ਼ੀ, ਕਿਉਂ ਉਪੱਦਰ ਤੋਲਦਾ ਹੈ? ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਮਾਰਨ ਵਾਲਾ ਕਉਣ ਜੰਮਿਆ ਹੈ ਤੂੰ ਕਹਿੰਦਾ ਹੈ ਸਾਡੀ ਮਦਦ ਕਰਨ ਵਾਲਾ ਕੋਈ ਨਹੀਂ ਰਿਹਾ? ਜਦੋਂ ਸਾਡਾ ਅਕਾਲ-ਪੁਰਖ ਸਾਡੇ ਨਾਲ ਹੈ ਤਾਂ ਸਾਨੂੰ ਤੇਰੇ ਨੇੜੇ ਨਵਾਬ ਦੀ ਕੀ ਕਾਣ ਹੈ। ਬਾਕੀ ਜੋ ਤੂੰ ਸਾਨੂੰ ਦੀਨ ਇਸਲਾਮ ਅਤੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਦਸਦਾ ਹੈ ਇਹ ਗੱਲ ਮੁੜ ਕੇ

ਸਾਡੇ ਨਾਲ ਕਰਨ ਦੀ ਲੋੜ ਨਹੀਂ । ਤੇਰੇ ਜਿਹੇ ਆਦਮੀ ਲਈ ਐਸਾ ਕਹਿਣਾ ਹਰਗਿਜ ਨਹੀਂ ਸੋਭਦਾ ਕਿ ਅਸੀਂ ਆਪਣਾ ਬਾਪ ਛਡ ਕੇ ਦੂਸਰੇ ਨੂੰ ਆਪਣਾ ਬਾਪ ਸਮਝ ਲਈਏ । ਜੇ ਕਰ ਅਸੀਂ ਆਜ਼ਾਦ ਹੁੰਦੇ ਤਾਂ ਹੁਣੇ ਤੇਰੇ ਇਸ ਕਹਿਣਾ ਦਾ ਮੁੱਲ ਪੁਵਾ ਦੇਂਦੇ ।

ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਉੱਤਰ ਨਾਲ ਨਵਾਬ ਦੀ ਕਚਹਿਰੀ ਅੰਦਰ ਇਕ ਤਰ੍ਹਾਂ ਦਾ ਸਨਾਟਾ ਛਾ ਗਿਆ ਅਤੇ ਕਿਤਨਾ ਸਮਾਂ ਚੁਪ ਵਰਤੀ ਰਹੀ । ਅਖੀਰ ਸੂਬਾ ਬੜੇ ਰੋਹ ਭਰੇ ਦਿਲ ਨਾਲ ਬੋਲਿਆ ਕਿ ਮੈਂ ਤਾਂ ਇਨ੍ਹਾਂ ਨੂੰ ਮਾਸੂਮ ਜਾਣ ਕੇ ਇਨ੍ਹਾਂ ਨਾਲ ਆਪਣੇ ਬੱਚਿਆਂ ਵਾਲਾ ਸਲੂਕ ਕੀਤਾ ਸੀ ਪਰ ਮੈਂ ਸਮਝ ਗਿਆ ਹਾਂ ਕਿ ਇਹ ਇਸ ਦੇ ਯੋਗ ਨਹੀਂ । ਅਗਰ ਇਹ ਦੀਨ ਇਸਲਾਮ ਕਬੂਲਣ ਤੋਂ ਇਨਕਾਰ ਕਰਦੇ ਹਨ ਤਾਂ ਇਨ੍ਹਾਂ ਨਾਲ ਸ਼ਰਹ ਦੇ ਅਨਕੂਲ ਵਰਤਾਅ ਕੀਤਾ ਜਾਣਾ ਚਾਹੀਦਾ ਹੈ । ਕਾਜ਼ੀ ਸਾਹਿਬ ਦੱਸਣ ਕਿ ਸ਼ਰਹ ਦਾ ਇਸ ਬਾਰੇ ਕੀ ਫਰਮਾਣ ਹੈ । ਕਾਜ਼ੀ ਜੋ ਸਾਹਿਬਜ਼ਾਦਿਆਂ ਉਪਰ ਕੋਈ ਪ੍ਰਭਾਵ ਨ ਪਾ ਸਕਣ ਕਰਕੇ ਛਿਥਾ ਪੈ ਚੁਕਾ ਹੋਇਆ ਸੀ ਝਟ ਬੋਲ ਉਠਿਆ 'ਹਜ਼ੂਰ, ਸ਼ਰਹ ਐਸੇ ਹਠੀ ਅਤੇ ਗੁਸਤਾਖ ਬਚਿਆਂ ਦਾ ਇੱਟਾਂ ਦੀ ਦੀਵਾਰ ਅੰਦਰ ਚਿਣੇ ਜਾਣ ਦਾ ਫਰਮਾਣ ਦੇਂਦੀ ਹੈ ।' ਸੂਬਾ ਜੋ ਸਾਹਿਬਜ਼ਾਦਿਆਂ ਦੀ ਦਲੇਰੀ ਤੇ ਹੈਰਾਨ ਵੀ ਸੀ ਪਰ ਇਸ ਤੋਂ ਵਧੇਰੇ ਉਹ ਇਸ ਤੇ ਆਪਣੀ ਹੇਠੀ ਹੋਈ ਸਮਝਦਾ ਸੀ, ਝਟ ਉਨਾਂ ਦੇ ਚਿਣੇ ਜਾਣ ਦਾ ਹੁਕਮ ਦੇਂਦਾ ਹੋਇਆ ਉਠ ਖੜਾ ਹੋਇਆ ਅਤੇ ਇੱਟਾਂ ਲਗਾਉਣ ਵਾਲੇ ਮਿਸਤਰੀ ਅਤੇ ਚੂਨਾ ਸੁਰਖੀ ਇਟਾਂ ਆਦਿ ਲਿਆਉਣ ਦੇ ਹੁਕਮ ਜਾਰੀ ਹੋ ਗਏ ।

ਥੋੜੀ ਦੇਰ ਵਿਚ ਹੀ ਸਾਰੇ ਸਾਮਾਨ ਤਿਆਰ ਹੋ ਜਾਣ ਤੇ ਸਾਹਿਬਜ਼ਾਦਿਆਂ ਨੂੰ ਵਿਚਾਲੇ ਖੜਾ ਕਰਕੇ ਇਨਾਂ ਦੇ ਚਾਰੋਂ ਪਾਸੇ ਇਟਾਂ ਬੀੜਨੀਆਂ ਸ਼ੁਰੂ ਕੀਤੀਆਂ ਗਈਆਂ ਉਨ੍ਹਾਂ ਦੇ ਮਾਸੂਮ ਤੇ ਕੋਮਲ ਸਰੀਰਾਂ ਨੂੰ ਮਸਾਲੇ ਨਾਲ ਇੱਟਾਂ ਬੀੜਨ ਤੋਂ ਜੋ ਅਤਿ ਦਰਜੇ ਦਾ ਦੁਖ ਤੇ ਪੀੜਾ ਹੋਈ ਇਸ ਦਾ ਅੰਦਾਜ਼ਾ ਕਰਨਾ ਭੀ ਕਠਨ ਨੂੰ । ਕੰਧ ਦੀ ਉਸਾਰੀ ਦੇ ਦੌਰਾਨ ਇਕ ਦੋ ਵੇਰ ਕਾਜ਼ੀ ਨੇ ਮੁੜ ਸਾਹਿਬਜ਼ਾਦਿਆਂ ਨੂੰ ਦੀਨ ਇਸਲਾਮ ਕਬੂਲ ਕਰਕੇ ਇਸ ਮੁਸੀਬਤ ਤੋਂ ਬਚਣ ਦੀ ਪ੍ਰੇਰਨਾ ਦਿਤੀ ਪ੍ਰੰਤੂ ਉਨ੍ਹਾਂ ਦੀ ਗੁਰੂ ਪਿਤਾ ਦੇ ਚਰਣਾਂ ਵਿਚ ਜੁੜ ਚੁਕੀ ਬਿਰਤੀ ਨੂੰ ਕਾਜ਼ੀ ਕਿਸੇ ਤਰਾਂ ਭੀ ਡੁਲਾ ਨ ਸਕਿਆ । ਵੇਖਣ ਵਾਲੇ ਅਣਗਿਣਤ ਲੋਕ ਸਾਹਿਬਜ਼ਾਦਿਆਂ ਦੀ ਇਸ ਅਡੋਲਤਾ

ਉਤੇ ਅਸ਼ ਅਸ਼ ਕਰਦੇ ਅਤੇ ਉਂਗਲਾਂ ਟੁਕਦੇ ਸਨ ਪ੍ਰੰਤੂ ਕਿਸੇ ਦਾ ਹੀਆ ਨਹੀਂ ਸੀ ਕਿ ਜ਼ਾਲਮ ਸੂਬੇ ਦੇ ਇਸ ਜ਼ੁਲਮ ਵਿਰੁਧ ਕੁਸਕ ਸਕੇ ।

ਹੌਲੀ ਹੌਲੀ ਕੰਧ ਉਚੀ ਹੁੰਦੀ ਗਈ ਅਤੇ ਸਾਹਿਬਜ਼ਾਦਿਆਂ ਦੇ ਸਰੀਰ ਦੇ ਹੇਠਲੇ ਅੰਗ ਇੱਟਾ ਤੇ ਮਸਾਲੇ ਦੀ ਦਬ ਨਾਲ ਸਉਣੇ ਸ਼ੁਰੂ ਹੋ ਗਏ । ਉਨਾਂ ਨੇ ਕੰਧ ਦੀ ਚਿਣਾਈ ਸ਼ੁਰੂ ਹੋਣ ਸਮੇਂ ਤੋਂ ਹੀ '੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' । ਵਿਚ ਆਪਣਾ ਮਨ ਜੋੜ ਲਿਆ ਹੋਇਆ ਸੀ । ਜਿਉਂ ਜਿਉਂ ਕੰਧ ਉਚੀ ਹੁੰਦੀ ਗਈ, ਸਾਹਿਬਜ਼ਾਦਿਆਂ ਦੇ ਕੋਮਲ ਸਰੀਰ ਕੁਮਲਾਉਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬੇ-ਸੁਰਤੀ ਜ਼ੋਰ ਪਾਉਣ ਲਗੀ । ਭਾਵੇਂ ਇਸ ਸਮੇਂ ਮੌਕੇ ਤੇ ਹਾਜ਼ਰ ਲੋਕ ਸਾਰੇ ਹੀ ਗੁਰੂ ਜੀ ਦੇ ਵਿਰੋਧੀ ਤੇ ਦੁਸ਼ਮਨ ਸਨ ਪ੍ਰੰਤੂ ਮਾਸੂਮ ਤੇ ਨਿਰਛਲ ਬੱਚਿਆਂ ਉਤੇ ਵਰਤਦਾ ਇਹ ਕਹਿਰ ਕਿਸੇ ਤੋਂ ਭੀ ਸਹਾਰਿਆ ਨਹੀਂ ਜਾਂਦਾ ਸੀ । ਉਨ੍ਹਾਂ ਦੇ ਗੁਲਾਬੀ ਚਮਕਦੇ ਚੇਹਰਿਆ ਉਪਰ ਛਾ ਰਹੀ ਮੁਰਦਿਹਾਨੀ ਅਤੇ ਡਲਕਦੀਆਂ ਅਖਾਂ ਦੇ ਬੁਝ ਰਹੇ ਦੀਵਿਆਂ ਨੂੰ ਤਕ ਉਨ੍ਹਾਂ ਦੇ ਕੱਟੜ ਤੇ ਪੱਥਰ ਦਿਲ ਭੀ ਪੰਘਰ ਚੁਕੇ ਸਨ ਅਤੇ ਕਈ ਵੇਖਣ ਹਾਰਿਆਂ ਦੀਆਂ ਅਖਾਂ ਵਿਚੋਂ ਅਥਰੂ ਵਗਦੇ ਅਤੇ ਗਲੇ ਗਚ ਹੋ ਚੁਕੇ ਸਨ, ਇਥੋਂ ਤਕ ਕਿ ਜੋ ਰਾਜ ਸਾਹਿਬਜ਼ਾਦਿਆਂ ਦੇ ਦੁਆਲੇ ਇਟਾਂ ਚਿਣ ਰਹੇ ਸਨ ਉਹ ਭੀ ਇਟਾਂ ਚਿਨਣੋਂ ਰਹਿ ਖਲੋਤੇ । ਜੋ ਇੱਟਾਂ ਇਨਾਂ ਹੁਣ ਤਕ ਲਗਾਈਆਂ ਸਨ ਉਹ ਭੀ ਇਤਨੀਆਂ ਵਿੰਗੀਆ ਟੇਢੀਆਂ ਸਨ ਕਿ ਉਹ ਆਪਣੀ 2 ਥਾਉਂ ਠੀਕ ਨ ਰਹਿ ਸਕੀਆਂ ਅਤੇ ਵੇਖਦਿਆਂ 2 ਇਹ ਕੰਧ ਫਟ ਕੇ ਡਿਗ ਪਈ ਅਤੇ ਇਸ ਦੇ ਨਾਲ ਹੀ ਬੇ-ਹੋਸ਼ ਸਾਹਿਬਜ਼ਾਦਿਆਂ ਦੇ ਸਰੀਰ ਭੀ ਇੱਟਾ ਦੇ ਉਪਰ ਵਿਛ ਗਏ ।

ਅਜੇਹੀ ਬੇਸੁਰਤੀ ਦੀ ਦਸ਼ਾ ਵਿਚ ਹੀ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਮਾਤਾ ਜੀ ਪਾਸ ਪਹੁੰਚਾਇਆ ਗਿਆ । ਮਾਤਾ ਜੀ ਦੇ ਦਿਲ ਪਰ ਇਸ ਅਤਿ ਦਰਦਨਾਕ ਦਰਿਸ਼ ਦਾ ਜੋ ਅਸਰ ਹੋਇਆ ਉਸ ਦਾ ਕਥਨ ਕਰਨਾ ਭੀ ਮੁਸ਼ਕਲ ਹੈ ਪ੍ਰੰਤੂ ਮਾਤਾ ਜੀ ਨੇ ਵਡੇ ਹੌਸਲੇ ਅਤੇ ਦ੍ਰਿੜਤਾ ਨਾਲ ਇਨ੍ਹਾਂ ਨੂੰ ਸੰਭਾਲਿਆਂ ਅਤੇ ਬਚਿਆ ਦੇ ਸਰੀਰਾਂ ਨੂੰ ਆਪਣੇ ਹੱਥਾਂ ਦੀ ਗਰਮਾਈ ਤੇ ਮਾਲਸ਼ ਨਾਲ ਮੁੜ ਸੁਰਜੀਤ ਕੀਤਾ । ਸਨੇ ਸਨੇ ਬਚਿਆਂ ਨੂੰ ਸੁਰਤ ਫਿਰੀ ਅਤੇ ਅੱਖਾਂ ਖੋਹਲ ਉਨ੍ਹਾਂ ਮਾਤਾ ਜੀ ਵੱਲ

ਤਕਿਆ। ਮਾਤਾ ਨੇ ਇਨ੍ਹਾਂ ਦੀ ਸੁਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜੇ ਰਖਣ ਦਾ ਉਪਰਾਲਾ ਕੀਤਾ ਅਤੇ ਦੁਖਾਂ ਦੀ ਇਹ ਲੰਬੀ ਰਾਤ ਬਚਿਆਂ ਦੀ ਸੇਵਾ ਕਰਦਿਆਂ ਬਿਤਾਈ।

ਅਗਲਾ ਦਿਨ ਭੀ ਏਸੇ ਹਾਲਤ ਵਿਚ ਠੰਡੇ ਬੁਰਜ ਅੰਦਰ ਹੀ ਬੀਤਿਆ ਅਤੇ ਮਾਤਾ ਬਚਿਆ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾ ਕਾਰਨਾਮੇ ਸੁਣਾ ਸੁਣਾ ਉਤਸ਼ਾਹਿਤ ਕਰਦੀ ਰਹੀ। ਕੱਲ ਦੀ ਦੁਖਦਾਈ ਘਟਨਾ ਨੇ ਸਾਹਿਬਜ਼ਾਦਿਆਂ ਨੂੰ ਭਾਵੇਂ ਸਰੀਰਕ ਤੌਰ ਬਹੁਤ ਕਮਜ਼ੋਰ ਕਰ ਦਿਤਾ ਸੀ ਪ੍ਰੰਤੂ ਉਨ੍ਹਾਂ ਦੀ ਆਤਮਕ ਅਵਸਥਾ ਅਤੇ ਸਿਦਕ ਪਹਿਲੇ ਨਾਲੋਂ ਭੀ ਦੂਣ ਸਵਾਏ ਹੋ ਗਏ ਸਨ ਅਤੇ ਆਪਣੇ ਦਾਦਾ ਗੁਰੂ ਜੀ ਵਾਂਗ ਧਰਮ ਦੇ ਨਾਮ ਤੇ ਸ਼ਹੀਦ ਹੋ ਜਾਣ ਦਾ ਚਾਉ ਉਨ੍ਹਾਂ ਦੇ ਅੰਦਰ ਲਟ ਲਟ ਭੜਕ ਰਿਹਾ ਸੀ।

ਜਿਵੇਂ ਕਿਵੇ ਅਗਲਾ ਦਿਨ ਤੇ ਰਾਤ ਬੀਤੇ 27 ਦਸੰਬਰ ਦਾ ਦਿਨ ਚੜ੍ਹਿਆ। ਸੂਬੇ ਵਲੋਂ ਅਜ ਫਿਰ ਸਾਹਿਬਜ਼ਾਦਿਆ ਨੂੰ ਹਾਜਰ ਕੀਤੇ ਜਾਣ ਦਾ ਹੁਕਮ ਹੋਇਆ। ਮਾਤਾ ਨੇ ਪਹਿਲੇ ਦੀ ਤਰ੍ਹਾਂ ਇਨ੍ਹਾਂ ਨੂੰ ਤਿਆਰ ਕੀਤਾ ਅਤੇ ਹਰ ਤਰ੍ਹਾਂ ਦੇ ਕਸ਼ਟ ਦੇ ਸਾਹਮਣੇ ਅਡੋਲ ਰਹਿਣ ਅਤੇ ਗੁਰੂ ਪਿਤਾ ਦੇ ਚਰਣਾਂ ਵਿਚ ਆਪਣੀਆਂ ਬਿਰਤੀਆਂ ਜੋੜੇ ਰਖਣ ਦੀ ਤਾਕੀਦ ਕਰਦੇ ਹੋਏ ਕੋਤਵਾਲ ਦੇ ਨਾਲ ਤੋਰ ਦਿਤਾ।

ਸਾਹਿਬਜ਼ਾਦਿਆਂ ਨੇ ਕਚਹਿਰੀ ਪੁਜ ਕੇ ਪਹਿਲੇ ਦਿਨ ਦੀ ਤਰ੍ਹਾਂ 'ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਚੁਪ ਚਾਪ ਖੜੇ ਹੋ ਗਏ। ਅਜ ਨਵਾਬ ਦੀ ਤਬੀਅਤ ਵਿਚ ਕੁਝ ਨਰਮਾਈ ਸੀ ਅਤੇ ਉਹ ਇਸੇ ਸੋਚ ਵਿਚ ਸੀ ਉਨਾਂ ਨਾਲ ਕੈਸਾ ਵਰਤਾਉ ਕੀਤਾ ਜਾਵੇ। ਕਚਹਿਰੀ ਅੰਦਰ ਜੁੜੇ ਅਮੀਰ ਵਜ਼ੀਰ ਇਸ ਦੀ ਬਾਬਤ ਆਪਣੇ ਆਪਣੇ ਖਿਆਲ ਪ੍ਰਗਟ ਕਰ ਰਹੇ ਸਨ। ਮਲੇਰ ਕੋਟਲੇ ਦੇ ਪਠਾਨ ਸ਼ੇਰ ਮਹੰਮਦ ਖਾਂ ਨੇ ਕਿਹਾ 'ਨਵਾਬ ਸਾਹਿਬ, ਬਾਪ ਦਾ ਵੈਰ ਬੇਟੇ ਪਾਸੋਂ ਲੈਣਾ ਔਰ ਫਿਰ ਨਾਬਾਲਗ ਮਾਸੂਮ ਬਚਿਆਂ ਨੂੰ ਬਾਪ ਦੇ ਕਿਸੇ ਫੇਲ੍ਹ ਲਈ ਕਸੂਰਵਾਰ ਠਹਿਰਾਉਣਾ ਕਿਸੇ ਤਰ੍ਹਾਂ ਭੀ ਵਾਜਬ ਨਹੀਂ। ਅਜੇਹਾ ਕਰਨਾ ਕਿਸੇ ਦੀਨ ਧਰਮ ਅੰਦਰ ਜਾਇਜ਼ ਨਹੀਂ, ਇਸ ਲਈ ਇਨ੍ਹਾਂ ਬਚਿਆਂ ਪਰ ਕੋਈ ਸਖਤੀ ਰਵਾ ਰਖਣੀ ਠੀਕ ਨਹੀਂ ਹੋਵੇਗੀ'।

ਸ਼ੇਰ ਮਹੰਮਦ ਖਾਂ ਦੀ ਗੱਲ ਸੁਣ ਕੇ ਨਵਾਬ ਸਰਹੰਦ ਨੇ ਸ਼ੇਰ ਮਹੰਮਦ

ਖਾਂ ਨੂੰ ਇਨ੍ਹਾਂ ਬਚਿਆਂ ਨੂੰ ਆਪਣੇ ਪਾਸ ਲੈ ਜਾਣ ਲਈ ਕਿਹਾ ਅਤੇ ਨਾਲ ਹੀ ਇਹ ਭੀ ਚਿਤਾਇਆ ਕਿ 'ਤੇਰੇ ਬਚੇ ਭੀ ਤਾਂ ਗੁਰੂ ਨਾਲ ਲੜਦੇ ਹੋਏ ਹੀ ਮਾਰੇ ਗਏ ਹਨ, ਤੂੰ ਉਹਨਾਂ ਦਾ ਬਦਲਾ ਇਨਾਂ ਪਾਸੋਂ ਕਿਉਂ ਨਹੀਂ ਲੈਂਦਾ ? ਪ੍ਰੰਤੂ ਮਲੇਰਕੋਟਲੀਏ ਸ਼ੇਰ ਮੁਹੰਮਦ ਖਾਂ ਨੇ ਕਿਹਾ ਕਿ 'ਲੜਾਈ ਵਿਚ ਮਾਰੇ ਗਏ ਜਵਾਨ ਪੁੱਤਰਾਂ ਦਾ ਬਦਲਾ ਮਾਸੂਮ ਅੰਞਾਣੇ ਬਾਲਾਂ ਦੀ ਗਰਦਨ ਤੇ ਛੁਰੀ ਰਖਣ ਨਾਲ ਨਹੀਂ ਲਿਆਂ ਜਾਂਦਾ । ਅਜੇਹਾ ਕਰਨਾ ਕਾਇਰਾ ਤੇ ਗੀਦੀਆਂ ਦਾ ਕੰਮ ਹੈ । ਮੈਂ ਬਦਲਾ ਲੈਣਾ ਹੋਵੇਗਾ ਤਾਂ ਗੁਰੂ ਨਾਲ ਸਨਮੁਖ ਲੜ ਕੇ ਲਵਾਂਗਾ ।'

ਸ਼ੇਰ ਮਹੰਮਦ ਖਾਂ ਦੀਆਂ ਇਨ੍ਹਾਂ ਗੱਲਾ ਦਾ ਨਵਾਬ ਸਰਹਿੰਦ ਦੇ ਮਨ ਤੇ ਡੂਘਾ ਅਸਰ ਹੋਇਆ ਜਾਪਦਾ ਸੀ । ਪ੍ਰੰਤੂ ਹੁਣ ਦੀਵਾਨ ਸੁਚਾ ਨੰਦ ਉਠ ਖੜਾ ਹੋਇਆ ਅਤੇ ਨਵਾਬ ਨੂੰ ਸੰਬੋਧਨ ਕਰ ਕੇ ਬੋਲਿਆ 'ਹਜੂਰ, ਸੱਪਾਂ ਨੂੰ ਮਾਰਨਾ ਅਤੇ ਸਪੋਲੀਆਂ ਨੂੰ ਛਡ ਦੇਣਾ ਕਿਧਰ ਦੀ ਸਿਆਣਪ ਹੈ, ਭੇੜੀਏ ਦੇ ਪੁਤਰ ਹਮੇਸ਼ਾਂ ਭੇੜੀਏ ਹੀ ਹੋਣਗੇ । ਉਨ੍ਹਾਂ ਤੋਂ ਕਿਸੇ ਭਲੇ ਦੀ ਆਸ ਰਖਣੀ ਮੂਰਖਤਾ ਹੈ ।' ਸੂਬਾ ਇਸ ਤਰ੍ਹਾਂ ਦੇ ਵਖੋਂ ਵਖ ਖਿਆਲ ਸੁਣ ਕੇ ਦੁਚਿੱਤਾ ਹੋ ਚੁਕੀ ਸੀ, ਅਤੇ ਹੁਣ ਸੁਚਾ ਨੰਦ ਦੀ ਗੱਲ ਸੁਣਨ ਤੇ ਕੁਝ ਛਿਥਾ ਜਿਹਾ ਪੈ ਕੇ ਬੋਲ ਉਠਿਆ 'ਕੀ ਮੇਰੇ ਦਰਬਾਰ ਵਿਚ ਕੋਈ ਪਠਾਨ ਬੱਚਾ ਨਹੀਂ ਜੋ ਇਨ੍ਹਾਂ ਮੂਜੀਆਂ ਤੋਂ ਮੇਰੇ ਪਿਛਾ ਛੁੜਾਵੇ ?' ਨਵਾਬ ਦਾ ਇਹ ਕਹਿਣਾ ਸੀ ਕਿ ਉਸੇ ਵੇਲੇ ਸਮਾਣੇ ਦੇ ਰਹਿਨ ਵਾਲੇ ਦੋ ਪਠਾਨ ਭਰਾ ਸਾਸ਼ਲ ਬੇਗ ਅਤੇ ਵਾਸ਼ਲ ਬੇਗ ਗੁਸਾ ਖਾ ਕੇ ਉਠੇ ਅਤੇ ਇਕ ਨੇ ਸਾਹਿਬ ਜੋਰਾਵਰ ਸਿੰਘ ਨੂੰ ਅਤੇ ਦੂਜੇ ਨੇ ਸਾਹਿਬ ਫਤਹ ਸਿੰਘ ਨੂੰ ਜ਼ਮੀਨ ਉਤੇ ਪਟਕਾ ਮਾਰਿਆ ਅਤੇ ਉਨ੍ਹਾਂ ਦੇ ਸੀਨਿਆਂ ਉਤੇ ਆਪਣੇ ਗੋਡੇ ਟੇਕ ਕੇ ਇਕ ਹੱਥ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਨੂੰ ਜ਼ਮੀਨ ਉਤੇ ਦਬਾ ਰਖਿਆ ਅਤੇ ਦੂਜੇ ਹੱਥ ਛੁਰਾ ਫੜ ਬਚਿਆਂ ਦੀਆਂ ਕੋਮਲ ਗਰਦਨਾ ਤੇ ਐਉਂ ਫੇਰਿਆ, ਜਿਵੇਂ ਮੁਸਲਮਾਨ ਲੋਕ ਭੇਡ ਬਕਰਾ ਜ਼ਬਹ ਕਰਨ ਲਈ ਉਹਨਾਂ ਦੀਆਂ ਗਰਦਨਾਂ ਤੇ ਛੁਰੀ ਫੇਰਦੇ ਹਨ ਅਤੇ ਇਸ ਤਰ੍ਹਾਂ ਪਲੋਂ ਪਲੀ ਅੰਦਰ ਦੋਹਾਂ ਸਾਹਿਦਜ਼ਾਦਿਆਂ ਨੂੰ ਸ਼ਹੀਦ ਕਰ ਦਿਤਾ :

ਦੇਗ ਵਿਚੋਂ ਦਾਣੇ ਦੀ ਨਿਆਈ ਇਹ ਵੰਨਗੀ ਮਾਤਰ ਵਾਰਤਾਵਾਂ ਹਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੰਘਾਂ ਦੇ ਲਹੂ ਭਿੰਨੇ ਇਤਿਹਾਸ ਦੀਆਂ । ਸ਼ਹਾਦਤ ਦੇ ਖੇਤਰ ਅੰਦਰ ਕੋਈ ਕੌਮ ਸਿਖਾਂ ਦਾ ਮੁਕਾਬਲਾ ਨਹੀਂ ਕਰ ਸਕਦੀ-ਨ ਕੇਵਲ

ਗਿਣਤੀ ਦੇ ਪਖ ਤੋਂ ਸਗੋਂ ਸ਼ਹੀਦੀਆਂ ਪਾਉਣ ਦਾ ਜੋ ਚਾਉ ਇਨਾਂ ਵਿਚ ਰਿਹਾ ਹੈ ਉਹ ਹੋਰਥੇ ਘਟ ਹੀ ਨਜ਼ਰ ਪੈਂਦਾ ਹੈ। ਮੀਰ ਮੰਨੂੰ ਦੇ ਸੁਮੇ ਹੁਕਮ ਸੀ ਕਿ ਸਿਖ ਨੂੰ ਜਿਥੇ ਵੇਖੋ (at the very sight) ਦਿਓ ਉਸ ਵੇਲੇ ਦਾ ਸਿੰਘਾਂ ਵਲੋਂ ਗਾਇਆ ਜਾਂਦਾ ਪਰਚਲੱਤ ਗੀਤ ਸੀ :

'ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਇ
ਜਿਉਂ ਜਿਉਂ ਮੰਨੂੰ ਵਢਦਾ ਅਸੀਂ ਦੂਨ ਸਵਾਏ ਹੋਇ'

ਸਿਖ ਦਾ ਸਿਰ ਕਟ ਲਿਆਉਣ ਵਾਲਿਆ ਨੂੰ ਸਰਕਾਰੋਂ ਇਨਾਮ ਮਿਲਿਆ ਕਰਦੇ ਸਨ। ਬਾਵਜੂਦ ਅਜੇਹੀ ਗੱਲ ਦੇ ਸਿਖ ਸ਼ਹੀਦ ਦੀ ਮੌਤੇ ਮਰਨ ਨੂੰ ਫਖਰ ਵਾਲੀ ਗੱਲ ਸਮਝਦੇ ਸਨ-ਸਿਖਾ ਦੀ ਨਿਰਭੈਤਾ ਜੇਹੀ ਮਿਸਾਲ ਦੁਨੀਆ ਭਰ ਅੰਦਰ ਹੋਰ ਕਿਧਰੇ ਨਹੀਂ ਮਿਲਦੀ ਉਕਤ ਸਾਰੀਆਂ ਵਾਰਤਾਵਾਂ ਇਹੋ ਦਸਦੀਆਂ ਹਨ ਕਿ ਸਿਖ ਦਾ ਇਹ ਵਿਸ਼ਵਾਸ ਬਣ ਚੁਕਾ ਸੀ ਕਿ ਗੁਰੂ ਦੇ ਲੇਖੇ ਲਗ ਜਾਣਾ ਪੂਰਨ ਅਨੰਦ ਨੂੰ ਪ੍ਰਾਪਤ ਹੋਣਾ ਹੈ 'ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ'—ਅਜੇਹੀ ਸੀ ਦੇਣ ਨਿਰਭੈਤਾ ਦੇ ਅਵਤਾਰ ਗੁਰੂ ਗੋਬਿੰਦ ਸਿੰਘ ਜੀ ਦੀ।

# ਗੁਰ ਪ੍ਰਣਾਲੀ

| ਨਾਮ | ਪ੍ਰਕਾਸ਼ ਮਿਤੀ ਸੰਨ ਈਸਵੀ | ਜੋਤੀ ਜਤਿ ਸਮਾਉਣ ਦੀ ਮਿਤੀ | ਬਾਣੀ ਰਚਨਾ |
|---|---|---|---|
| ਗੁਰੂ ਨਾਨਕ ਦੇਵ ਜੀ | 20-10-1469 ਕਤਕ ਪੂਰਨਮਾਸੀ | 22-9-1539 | ਜਪੁ ਸੋਦਰ ਸਿਧ ਗੋਸ਼ਟ ਰਾਮਕਲੀ ਦਖਣੀ ਓਅੰਕਾਰ ਆਸਾ ਮਾਝ ਤੇ ਮਲਾਰ ਵਾਰਾਂ ਪਟੀ ਬਾਰਹ ਮਾਹ 947 ਸ਼ਬਦ |
| ਗੁਰੂ ਅੰਗਦ ਦੇਵ ਜੀ | 31-3-1504 | 1-4-1552 | 63 ਸਲੋਕ 10 ਵਾਰਾਂ ਵਿਚ |
| ਗੁਰੂ ਅਮਰ ਦਾਸ ਜੀ | 5-5-1479 | 1-9-1574 | ਅਨੰਦ ਸਾਹਿਬ, ਅਤੇ 869 ਸ਼ਬਦ ਛੰਤ ਤੇ ਸਲੋਕ |
| ਗੁਰੂ ਰਾਮਦਾਸ ਜੀ | 24-9-1534 | 2-9-1581 | 638 ਸ਼ਬਦ ਛੰਤ ਸਲੋਕ |
| ਗੁਰੂ ਅਰਜਨ ਦੇਵ ਜੀ | 15-4-1563 | 30-5-1606 | ਗਉੜੀ ਸੁਖਮਨੀ, ਬਾਰਾਮਾਹ ਮਾਝ ਬਾਵਨ ਅਖਰੀ ਅਤੇ 2312 ਸ਼ਬਦ |
| ਗੁਰੂ ਹਰਿ ਗੋਬਿੰਦ ਜੀ | 14-6-1595 | 3-3-1644 | — |
| ਗੁਰੂ ਹਰਿ ਰਾਇ ਜੀ | 16-1-1630 | 6-10-1661 | — |
| ਗੁਰੂ ਹਰਿ ਕ੍ਰਿਸ਼ਨ ਜੀ | 7-7-1656 | 30-3-1664 | — |
| ਗੁਰੂ ਤੇਗ ਬਹਾਦਰ ਜੀ | 1-4-1621 | 11-11-1675 | 116 ਸ਼ਬਦ ਤੇ ਸਲੋਕ |
| ਗੁਰੂ ਗੋਬਿੰਦ ਸਿੰਘ ਜੀ | 22-12-1666 | 7-10-1708 | ਜਾਪ, ਅਕਾਲ ਉਸਤਤ ਚੌਪਈ ਸਾਹਿਤ੍ਰ ਨਾਟਕ ਸਵੱਯੇ ਸ਼ਬਦ ਹਜਾਰੇ ਜ਼ਫਰਨਾਮਾ |
| ਗੁਰੂ ਗ੍ਰੰਥ ਸਾਹਿਬ ਜੀ | 16-8-1604 | ਜੁਗੋ ਜੁਗ ਅਟਲ | 5867 ਸ਼ਬਦ ਸਲੋਕ ਛੰਤ ਆਦਿ 1430 ਪੰਨੇ |

# ਸਹਾਇਕ ਸੂਚੀ

1. ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
2. ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
3. ਕੇਰਾਲਾ ਯੰਗਮੈਨ ਸਿਖ ਐਸੋਸੀਏਸ਼ਨ ਕੋਚੀਨ
4. ਬਾਬਾ ਤੇਜਾ ਸਿੰਘ ਟ੍ਰਸਟ ਵੈਸਟ ਪਟੇਲ ਨਗਰ ਨਵੀਂ ਦਿਲੀ
5. ਸ੍ਰ. ਆਤਮਾ ਸਿੰਘ ਤਹਿਸੀਲ ਰੋਡ ਜਗਰਾਉਂ
6. ਗਿਆਨੀ ਅਵਤਾਰ ਸਿੰਘ ਨੂਰਾਨੀ ਜੋਤ ਆਰਟ ਪ੍ਰੈਸ ਜਗਰਾਉਂ
7. ਸ੍ਰ. ਗੁਰਚਰਨ ਸਿੰਘ ਇੰਡੀਅਨ ਆਟੋਮੋਬਾਈਲਜ਼ ਕੁਰਨੂਲ A.P.
8. ਸ੍ਰ. ਇੰਦਰ ਸਿੰਘ ਨੀਊ ਪ੍ਰੇਮ ਨਗਰ ਲੁਦਿਹਾਣਾ
9. ਡਾ: ਰਾਜਿੰਦਰ ਸਿੰਘ, ਭਾਟੀਆ ਕਲਿਨਿਕ ਮਾਡਲ ਟਾਊਨ ਲੁਦਿਹਾਣਾ
10. ਬਾਬਾ ਮਾਨ ਸਿੰਘ ਮੋਤੀ ਨਗਰ ਨਵੀਂ ਦਿਲੀ
11. ਬੀਬੀ ਕਸ਼ਮੀਰ ਕੌਰ ਸੁਪਤਨੀ ਸ੍ਰ. ਬਚਨ ਸਿੰਘ ਵਿਨੀਪੈਗ ਕੈਨੇਡਾ
12. ਸ੍ਰ. ਦਲਜੀਤ ਸਿੰਘ ਨਿਆਮਤਪੁਰ ਜ਼ਿਲਾ ਬੁਰਦਵਾਨ ਵੈਸਟ ਬੰਗਾਲ
13. ਸ੍ਰ. ਨਰਿੰਦਰਪਾਲ ਸਿੰਘ ਨਿਰਮਾਣ ਵਿਹਾਰ ਨਵੀਂ ਦਿਲੀ
14. ਸ੍ਰ. ਜਸਪਾਲ ਸਿੰਘ ਇੰਦਰਜੀਤ ਸਿੰਘ ਖਾਰ ਬੰਬਈ

## ਮਿਸ਼ਨ ਦੇ ਵਿਸ਼ੇਸ਼ ਪੁਸਤਕ

| | | |
|---|---|---|
| 1. | ਨਾਨਕ ਨਿਰਮਲ ਪੰਥ ਚਲਾਇਆ | ਮੋਖ 10 ਰੁਪੈ |
| 2. | ਵਰਿਆਮ ਇਕੇਲਾ | " 15 ਰੁਪੈ |
| 3. | ਕਿਉਂ ਕੀਤੋ ਵੇਸਾਹੁ | " 10 ਰੁਪੈ |
| 4. | ਸਿਖ ਵੀਰਾਂ ਨੂੰ ਹਲੂਣਾ | " 10 ਰੁਪੈ |
| 5. | ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ | " 4 ਰੁਪੈ |
| 6. | ਜਥੇਦਾਰ ਕਰਤਾਰ ਸਿੰਘ ਬੱਬਰ | " 15 ਰੁਪੈ |

ਪ੍ਰਕਾਸ਼ਕ ਗੁਰੂ ਨਾਨਕ ਦੇਵ ਮਿਸ਼ਨ